ਸਾਰਗ ਮਹਲਾ ੪ ਘਰੁ ੩ ਦੁਪਦਾ ੴ ਸਤਿਗੁਰ ਪ੍ਰਸਾਦਿ ॥ ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥ ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥ ੧॥ ਰਹਾਉ ॥ ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ ॥ ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ ॥੧॥ ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ ॥ ਉਪਦੇਸੁ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ ॥੨॥੧॥੭॥ {ਪੰਨਾ 1200}

ਪਦਅਰਥ:- ਪੂਤ—ਹੇ ਪੁੱਤਰ! ਕਾਹੇ ਝਗਰਤ ਹਉ—ਕਿਉਂ ਝਗੜਾ ਕਰਦੇ ਹੋ? ਸੰਗਿ ਬਾਪ—ਪਿਤਾ ਨਾਲ। ਜਣੇ—ਜੰਮੇ ਹੋਏ। ਬਡੀਰੇ—ਵੱਡੇ ਕੀਤੇ ਹੋਏ, ਪਾਲੇ ਹੋਏ। ਸਿਉ—ਨਾਲ। ਪਾਪ—ਮਾੜਾ ਕੰਮ।1। ਰਹਾਉ।

ਗਰਬੁ—ਮਾਣ, ਅਹੰਕਾਰ। ਕਿਸਹਿ ਨ ਆਪ—ਕਿਸੇ ਦਾ ਭੀ ਆਪਣਾ ਨਹੀਂ। ਮਹਿ—ਵਿਚ। ਜਾਇ—ਜਾਂਦਾ ਹੈ। ਬਿਖਿਆ—ਮਾਇਆ। ਰਸੁ—ਸੁਆਦ। ਤਉ—ਤਦੋਂ। ਪਛੁਤਾਪ—ਪਛਤਾਵਾ, ਅਫ਼ਸੋਸ।1।

ਜੋ ਪ੍ਰਭ—ਜਿਹੜੇ ਪ੍ਰਭੂ ਜੀ। ਸੁਆਮੀ—ਮਾਲਕ। ਜਾਪਹੁ—ਜਾਪ ਜਪਦੇ ਰਹੋ। ਨਾਨਕ—ਹੇ ਨਾਨਕ! ਜਨ—ਪਰਮਾਤਮਾ ਦੇ ਸੇਵਕ। ਤੁਮ ਕਉ—ਤੁਹਾਨੂੰ। ਜਉ—ਜੇ। ਤਉ—ਤਾਂ। ਜਾਇ—ਦੂਰ ਹੋ ਜਾਇਗਾ। ਸੰਤਾਪ—ਮਾਨਸਕ ਦੁੱਖ-ਕਲੇਸ਼।2।

ਅਰਥ:- ਹੇ ਪੁੱਤਰ! (ਦੁਨੀਆ ਦੇ ਧਨ ਦੀ ਖ਼ਾਤਰ) ਪਿਤਾ ਨਾਲ ਕਿਉਂ ਝਗੜਾ ਕਰਦੇ ਹੋ? ਹੇ ਪੁੱਤਰ! ਜਿਨ੍ਹਾਂ ਮਾਪਿਆਂ ਨੇ ਜੰਮਿਆ ਤੇ ਪਾਲਿਆ ਹੁੰਦਾ ਹੈ, ਉਹਨਾਂ ਨਾਲ (ਧਨ ਦੀ ਖ਼ਾਤਰ) ਝਗੜਾ ਕਰਨਾ ਮਾੜਾ ਕੰਮ ਹੈ।1। ਰਹਾਉ।

ਹੇ ਪੁੱਤਰ! ਜਿਸ ਧਨ ਦਾ ਤੁਸੀ ਮਾਣ ਕਰਦੇ ਹੋ, ਉਹ ਧਨ (ਕਦੇ ਭੀ) ਕਿਸੇ ਦਾ ਆਪਣਾ ਨਹੀਂ ਬਣਿਆ। ਹਰੇਕ ਮਨੁੱਖ ਮਾਇਆ ਦਾ ਚਸਕਾ (ਅੰਤ ਵੇਲੇ) ਇਕ ਖਿਨ ਵਿਚ ਹੀ ਛੱਡ ਜਾਂਦਾ ਹੈ (ਜਦੋਂ ਛੱਡਦਾ ਹੈ) ਤਦੋਂ ਉਸ ਨੂੰ (ਛੱਡਣ ਦਾ) ਹਾਹੁਕਾ ਲੱਗਦਾ ਹੈ।1।

ਹੇ ਪੁੱਤਰ! ਜਿਹੜੇ ਪ੍ਰਭੂ ਜੀ ਤੁਹਾਡੇ (ਸਾਡੇ ਸਭਨਾਂ ਦੇ) ਮਾਲਕ ਹਨ, ਉਹਨਾਂ ਦੇ ਨਾਮ ਦਾ ਜਾਪ ਜਪਿਆ ਕਰੋ। ਹੇ ਨਾਨਕ! (ਆਖ—ਹੇ ਪੁੱਤਰ!) ਪ੍ਰਭੂ ਦੇ ਦਾਸ ਜਿਹੜਾ ਉਪਦੇਸ਼ ਤੁਹਾਨੂੰ ਕਰਦੇ ਹਨ ਜੇ ਤੁਸੀ ਉਹ ਉਪਦੇਸ਼ (ਧਿਆਨ ਨਾਲ) ਸੁਣੋ ਤਾਂ (ਤੁਹਾਡੇ ਅੰਦਰੋਂ) ਮਾਨਸਕ ਦੁੱਖ-ਕਲੇਸ਼ ਦੂਰ ਹੋ ਜਾਏ।2।1।7।

ਉਥਾਨਕਾ—ਗੁਰੂ ਅਰਜਨ ਸਾਹਿਬ ਨੂੰ ਗੁਰਿਆਈ ਮਿਲਣ ਤੇ ਬਾਬਾ ਪ੍ਰਿਥੀ ਚੰਦ ਨੇ ਪਿਤਾ-ਗੁਰੂ ਜੀ ਦੀ ਵਿਰੋਧਤਾ ਕੀਤੀ। ਤਦੋਂ ਉਹਨਾਂ ਨੂੰ ਇਹ ਉਪਦੇਸ਼ ਕੀਤਾ। ਓਂਵ 'ਪਰਥਾਇ ਸਾਖੀ ਮਹਾ ਪੁਰਖ ਬੋਲਦੇ, ਸਾਝੀ ਸਗਲ ਜਹਾਨੈ' ॥